# ਸ਼ਾਖਰ ਭਾਰਤ ਮਿਸ਼ਨ ਦੀ ਮਿਤੀ 10-02-2011 ਨੂੰ ਵਰਕਸਾਪ ਦੀ ਕਾਰਵਾਈ ਸਬੰਧੀ ਰਿਪੋਰਟ ।

ਪ੍ਰਮੁੱਖ ਸਕੱਤਰ, ਸਕੂਲ ਸਿੱਖਿਆ, ਪੰਜਾਬ ਜੀ ਦੀ ਪ੍ਰਧਾਨਗੀ ਹੇਠ ਮਿਤੀ 10-02-2011 ਨੂੰ ਸਵੇਰੇ 11.15 ਵਜੇ ਮਹਾਤਮਾ ਗਾਧੀ ਸਟੇਟ ਇਸਚਿਉਟ ਫਾਰ ਪਬਲਿਕ ਐਡਮਿਸਟ੍ਰੇਸਨ, ਸੈਕਟਰ 26 ਵਿਖੇ ਹੋਈ ਵਰਕਸ਼ਾਪ ਰੱਖੀ ਗਈ ਜਿਸ ਵਿੱਚ ਹੇਠ ਲਿਖੇ ਮੈਬਰਾਂ ਨੇ ਭਾਗ ਲਿਆ :-

1. ਸ੍ਰੀ ਸੀ ਰਾਊਲ, ਪ੍ਰਮੁੱਖ ਸਕੱਤਰ, ਸਕੂਲ ਸਿੱਖਿਆ ।
2. ਸ੍ਰੀ ਕ੍ਰਿਸਨ ਕੁਮਾਰ, ਡੀ.ਜੀ.ਐਸ.ਈ.
3. ਸ੍ਰੀ ਏ.ਐਮ.ਰਾਜ ਸੇਖ਼ਰ, ਸੰਯੁਕਤ ਡਾਇਰੈਕਟਰ (ਅਡਲਟ ਐਜੂ.), ਭਾਰਤ ਸਰਕਾਰ ।
4. ਸ੍ਰੀ ਵਸੰਤ ਗਰਗ, ਆਈ.ਏ.ਐਸ, ਵਧੀਕ ਡਿਪਟੀ ਕਮਿਸਨਰ ਫਿਰੋਜਪੁਰ,
5. ਜਿਲਾ ਪ੍ਰੀਸਦ /ਬਲਾਕ ਸੰਮਤੀਆਂ ਦੇ ਪ੍ਰਧਾਨ ।
6. ਜਿਲਾ ਕੋਆਰਡੀਨੇਟਰ, ਸਹਾਇਕ ਕੋਆਰਡੀਨੇਟਰ, ਸਾਖਰਤਾ ਸੰਮਤੀ
7. ਸ੍ਰੀ ਬਲਵੰਤ ਸਿੰਘ ਸ਼ੇਰਗਿੱਲ, ਏ.ਡੀ.ਸੀ (ਡੀ) ਬਰਨਾਲਾ ।
8. ਸ਼੍ਰੀ ਐਸ.ਐਸ.ਸਰਾਓ, ਵਧੀਕ ਡਿਪਟੀ ਕਮਿਸ਼ਨਰ ਸੰਗਰੂਰ।
9. ਡਾ: ਪਿਆਰੇ ਲਾਲ ਗਰਗ, ਭਾਰਤ ਗਿਆਨ ਵਿਗਿਆਨ ਸੰਮਤੀ ।
10. ਪੰਜਾਬ ਨੈਸਨਲ ਬੈਕ ਦੇ ਨੁਮਾਇਦੇ ।
11. ਸ੍ਰੀ ਪ੍ਰਮੋਦ ਗੌਰੀ, ਡਾਇਰੈਕਟਰ ਐਸ.ਆਰ.ਸੀ, ਹਰਿਆਣਾ
12. ਸ੍ਰੀ ਓਮ ਪ੍ਰਕਾਸ, ਐਸ.ਆਰ.ਸੀ. ਹਿਮਾਚਲ ਪ੍ਰਦੇਸ
13. ਸ੍ਰੀ ਪ੍ਰੇਮ ਚੰਦ, ਸੀਨੀਅਰ ਕੰਨਸਲਟੈਟ, (ਅਡਲਟ ਐਜੂ.) ।
14. ਸ੍ਰੀ ਸੰਜੇ ਕੁਮਾਰ, ਕਨਸਲਟੈਟ
15. ਜਿਲਾ ਸਿੱਖਿਆ ਅਫਸਰ (ਸੈ:ਸਿ:) (ਮਾਨਸਾ, ਮੁਕਤਸਰ, ਫਿਰੋਜਪੁਰ, ਫਰੀਦਕੋਟ, ਬਠਿੰਡਾ, ਸੰਗਰੂਰ, ਬਰਨਾਲਾ )।
16. ਜਿਲਾ ਸਿੱਖਿਆ ਅਫਸਰ ਐਲੀ.ਸਿ:) (ਮਾਨਸਾ, ਮੁਕਤਸਰ, ਫਿਰੋਜਪੁਰ, ਫਰੀਦਕੋਟ, ਬਠਿੰਡਾ, ਸੰਗਰੂਰ, ਬਰਨਾਲਾ )।

ਇਹ ਵਰਕਸਾਪ ਮਿਤੀ 10-02-2011 ਨੂੰ ਸਵੇਰੇ 11.15 ਵਜੇ ਸੁਰੂ ਹੋਈ । ਮਾਨਯੋਗ ਪ੍ਰਮੁੱਖ ਸਕੱਤਰ, ਸਕੂਲ ਸਿੱਖਿਆ ਜੀ ਵੱਲੋਂ ਸ਼ਾਖਰ ਭਾਰਤ ਮਿਸਨ ਨੂੰ ਚਲਾਉਣ ਸਬੰਧੀ ਵਿਸਥਾਰ ਪੂਰਵਕ ਜਾਣਕਾਰੀ ਦਿੱਤੀ ਗਈ ।

ਡਾ. ਪਿਆਰੇ ਲਾਲ ਗਰਗ, ਜੀ ਨੇ ਦੱਸਿਆ ਕਿ ਇਹ ਸਕੀਮ ਮਾਨਸਾ, ਮੁਕਤਸਰ, ਫਿਰੋਜਪੁਰ, ਫਰੀਦਕੋਟ, ਬਠਿੰਡਾ, ਸੰਗਰੂਰ, ਬਰਨਾਲਾ ਜਿਲਿਆ ਵਿੱਚ ਚਲਾਈ ਜਾਵੇਗੀ । ਉਨ੍ਹਾਂ ਇਹ ਵੀ ਦੱਸਿਆ ਗਿਆ ਕਿ ਅਡਲਟ ਐਜੂਕੇਸਨ ਸਕੀਮ ਸ੍ਰੀ ਸੀ-ਰਾਉਲ, ਡਿਪਟੀ ਕਮਿਸਨਰ ਵੱਲੋਂ 1993 ਵਿੱਚ ਹੁਸਿਆਰਪੁਰ ਜਿਲੇ ਵਿੱਚ ਬਾਖੁਬੀ ਚਲਾਇਆ ਗਿਆ ਸੀ , ਸਾਲ 2001 ਵਿੱਚ ਸਰਵੇ ਦੌਰਾਨ 8 ਲੱਖ ਲੋਕ ਅਣਪੜ ਪਾਏ ਗਏ । ਉਕਤ ਸੱਤ ਜਿਲਿਆ ਵਿੱਚ 15 ਸਾਲ ਤੋਂ ਉਪਰ ਉਮਰ ਦੇ ਬੱਚੇ/ਔਰਤਾਂ/ਬਜੁਰਗ ਅਨਪੜ੍ਹ ਹਨ, ਬਾਰੇ ਸਰਵੇ ਕਰਵਾਇਆ ਜਾਵੇਗਾ । ਇਹ ਮਿਸਨ ਔਰਤਾਂ ਨੂੰ ਪੜਾਉਣਾ ਹੈ , ਇਸ ਵਿੱਚ ਵੋਕੇਸਨਲ ਵਿਸਾ ਵੀ ਸਾਮਲ ਕੀਤਾ ਗਿਆ । ਇਹ ਮਿਸਨ ਜਿਆਦਾਤਰ ਰੂਰਲ ਏਰੀਏ ਵਿੱਚ ਚੱਲਣਾ ਹੈ ਬਾਅਦ ਵਿੱਚ ਇਹ ਮਿਸਨ ਅਰਬਨ ਏਰੀਏ ਵਿੱਚ ਚਲਾਇਆ ਜਾਵੇਗਾ । ਇਹ ਮਿਸ਼ਨ ਪਿੰਡਾਂ ਵਿੱਚ ਪੰਚਾਇਤਾਂ ਰਾਹੀਂ ਲੋਕਾਂ ਨੂੰ ਸ਼ਿਖਸ਼ਤ ਕਰਨਾ ਹੈ । ਬੇਸਿੱਕ ਲਿਟਰੈਸੀ 300 ਘੰਟੇ ਦੇਣ ਦਾ ਮਿਸ਼ਨ ਹੈ । ਇਸ ਸਬੰਧੀ ਕੈਂਪ ਵੀ ਲਗਾਏ ਜਾਣਗੇ । ਜਿਸ ਤੋਂ 15+ ਉਮਰ ਦੇ ਅਨਪੜ੍ਹ ਸਾਮਲ ਹੋਣਗੇ । ਕਮੇਟੀਆਂ ਵਿੱਚ 50% ਐਰਤਾਂ ਨੂੰ ਸਾਮਲ ਕੀਤਾ ਜਾਵੇਗਾ । ਜਿਲ੍ਹਾ ਲੈਵਲ ਤੇ 4 ਕੁਆਰਡੀਨੇਟਰ ਹੋਣਗੇ ਅਤੇ ਬਲਾਕ ਲੈਵਲ ਤੇ 2 ਕੁ-ਆਰਡੀਨੇਟਰ ਹੋਣਗੇ । ਇਸ ਸਬੰਧੀ ਸਰਵੇ ਕਰਨਾ ਬਹੁਤ ਜਰੂਰੀ ਸਮਝਿਆ ਜਾਵੇਗਾ । ਇਸ ਵਿੱਚ ਇਹ ਵੀ ਦੱਸਿਆ ਗਿਆ ਹੈ ਕਿ ਇੱਕ ਵਲੰਟੀਅਰ 8 ਤੋਂ 10 ਅਨਪੜਾ ਨੂੰ ਪੜਾਉਣਗੇ ।

ਡੀ.ਜੀ.ਐਸ.ਈ. ਸਾਹਿਬ ਵੱਲੋਂ ਦੱਸਿਆ ਗਿਆ ਹੈਂਿ ਕ ਭਾਰਤ ਸਰਕਾਰ ਵੱਨੋਂ ਸਪਾਸਰ ਸਕੀਮ ਸਾਖਰਤਾ ਮਿਸ਼ਨ 2012 ਲਈ ਪੰਜਾਬ ਰਾਜ ਦੇ 6 ਜਿਲੇ ( ਹੁਣ ਸੱਤ) ਮਾਨਸਾ, ਮੁਕਤਸਰ, ਫਿਰੋਜਪੁਰ, ਫਰੀਦਕੋਟ, ਬਠਿੰਡਾ, ਸੰਗਰੂਰ, ਬਰਨਾਲਾ ਚੁਣੇ ਗਏ ਹਨ, ਜਿਨਾ ਵਿੱਚ 15+ ਆਯੂ ਗੁੱਟ ਦੇ ਲੱਗਭੱਗ 8,07,319 ਅਨਪੜਾਂ ਖਾਸ ਕਰਕੇ ਪੇਡੂ ਖਿਤੇ ਦੀਆਂ ਔਰਤਾਂ, ਅਨੁਸੂਚਿਤ ਜਾਤੀ, ਅਨੁਸੂਚਿਤ ਜਨ-ਜਾਤੀਆਂ ਦੇ ਕਬੀਲੇ ਅਤੇ ਹੋਰ ਸਹੂਲਤਾ ਤੋਂ ਸੱਖਣੇ ਬਾਲਗਾਂ ਨੂੰ ਮਿਤੀ 31-3-2012 ਤੱਕ ਸਾਖਰ ਕਰਨਾ ਹੈ ।

ਸ੍ਰੀ ਏ.ਐਮ.ਰਾਜ ਸੇਖ਼ਰ, ਸੰਯੁਕਤ ਡਾਇਰੈਕਟਰ (ਅਡਲਟ ਐਜੂ., ਭਾਰਤ ਸਰਕਾਰ) ਵੱਲੋਂ ਦੱਸਿਆ ਗਿਆ ਕਿ ਸਾਖ਼ਰ ਭਾਰਤ ਪ੍ਰੋਗਰਾਮ ਸਬੰਧੀ ਉਸਦੇ ਉਦੇਸ, ਗੋਲ, ਭੋਤਿਕ ਏਰੀਆ ਅਤੇ ਫਿਜੀਕਲ ਟਾਰਗਟ ਬਾਰੇ ਜਾਣਕਾਰੀ ਦਿੱਤੀ ਗਈ। ਪੰਚਾਇਤ ਲੈਵਲ ਤੇ ਸਕੂਲ ਖੋਲੇ ਜਾਣਗੇ । ਇਸ ਮਿਸ਼ਨ ਨੂੰ ਚਲਾਉਣ ਲਈ ਵਲੰਟੀਅਰ ਅਤੇ ਪ੍ਰੇਰਕ

ਰੱਖੇ ਜਾਣਗੇ , ਇਨ੍ਹਾਂ ਨੂੰ ਬਲਾਕ ਲੈਵਲ ਤੇ ਟੇਨਿੰਗ ਦਿੱਤੀ ਜਾਵੇਗੀ , ਇਸ ਕੰਮ ਵਿੱਚ ਜਿਲਾ ਸਿੱਖਿਆ ਅਧਿਕਾਰੀ (ਸੈਕੰਡਰੀ ਸਿਖਿਆ ) ਮੱਦਦ ਕਰਨਗੇ ।

ਪੰਜਾਬ ਨੈਸਨਲ ਬੈਕ ਦੇ ਨੁਮਾਇੰਦਿਆਂ ਵੱਲੋਂ ਬੈਕਾਂ ਵਿੱਚ ਖਾਤਿਆ ਨੂੰ ਖੋਲਣ ਸਬੰਧੀ ਜਾਣਕਾਰੀ ਦਿੱਤੀ ਗਈ ਅਤੇ ਦੱਸਿਆ ਗਿਆ ਕਿ ਸਟੇਟ, ਜਿਲਾ , ਬਲਾਕ ਅਤੇ ਪਿੰਡ ਲੈਵਲ ਤੇ ਕਿਸ ਤਰ੍ਹਾ ਅਤੇ ਕਿਵੇ ਅਕਾਉਟ ਖੋਲਣੇ ਹਨ । ਵਧੀਕ ਡਿਪਟੀ ਕਮਿਸਨਰ, ਸ੍ਰੀ ਵਸੰਤ ਗਰਗ ਜੀ ਵੱਲੋਂ ਇਸ ਮਿਸ਼ਨ ਦੇ ਸਗੰਠਨ ਬਾਰੇ ਦੱਸਿਆ ਗਿਆ, ਉਨ੍ਹਾਂ ਦੱਸਿਆ ਕਿ ਮੁਨਾਦੀਆਂ , ਅਨਾਊਂਸਮੈਂਟਾਂ, ਇਸਤਿਆਰਾਂ, ਅਖਬਾਰਾਂ, ਲੋਕਲ ਚੈਨਲਾਂ, ਪੋਸਟਰਾਂ ਰਾਹੀਂ ਕਮਿਊਨਟੀ ਨੂੰ ਜਾਗਰੂਕ ਕੀਤਾ ਜਾਵੇਗਾ। ਕਮੇਟੀਆਂ ਦੇ ਗਠਨ ਵਿੱਚ ਘੱਟੋ ਘੱਟ 50% ਔਰਤਾਂ ਦੀ ਸਮੂਲੀਅਤ ਕੀਤੀ ਜਾਵੇਗੀ।

ਸਾਖਰ ਭਾਰਤ ਨੂੰ ਲਾਗੂ ਕਰਨ ਹਿੱਤ ਟੈਟੇਟਿਵ ਪ੍ਰਪੋਜਲ

| | | |
|---|---|---|
| 1. | ਕਮੇਟੀਆਂ ਦੀ ਬਣਤਰ | 25 ਫਰਵਰੀ ਤੱਕ |
| 2. | ਵਲੰਟੀਅਰਾਂ ਦੀ ਭਰਤੀ | 28 ਫਰਵਰੀ ਤੱਕ |
| 3. | ਵਲੰਟੀਅਰਾਂ ਨੂੰ ਟ੍ਰੇਨਿੰਗ ਬਲਾਕ ਲੈਵਲ | 15 ਤੋਂ 31 ਮਾਰਚ ਤੱਕ |
| 4. | ਪਰਾਇਮਰ ਬਣਾਉਣੇ | 25 ਅ੍ਰਪੈਲ ਤੱਕ |
| 5. | ਕਮੇਟੀ ਦੇ ਮੈਬਰਾਂ ਨੂੰ ਟ੍ਰੇਨਿੰਗ | 25 ਅ੍ਰਪੈਲ ਤੱਕ |

ਇਸ ਮਿਸਨ ਸਬੰਧੀ ਸਟਾਫ ਦੀ ਭਰਤੀ ਬਾਰੇ ਵਿਚਾਰ ਕੀਤਾ ਗਿਆ ਕਿ ਅਡੀਸਨਲ ਪ੍ਰੋਜੈਕਟ ਕੋਆਰਡੀਨੇਟਰ ਨੂੰ 10,000/- ਰੁਪਏ, ਅਕਾਊਟੈਂਟ ਨੂੰ 8000/- ਰੁਪਏ, ਕੰਪਿਉਟਰ ਅਪਰੇਟਰ ਨੂੰ 5000/- ਰੁਪਏ, ਅਤੇ ਪ੍ਰੇਰਕ ਨੂੰ 2000/- ਪ੍ਰਤੀ ਮਹੀਨਾ ਦੇ ਹਿਸਾਬ ਨਾਲ ਜਾਂ 24,000/- ਰੁਪਏ ਮਹੀਨਾ ਦੀ ਰਾਸੀ ਅਨੁਸਾਰ ਮਿਹਨਤਾਨਾ ਦਿੱਤੇ ਜਾਣ ਬਾਰੇ ਵਿਚਾਰ ਕੀਤਾ ਗਿਆ।

ਪ੍ਰਮੁੱਖ ਸਕੱਤਰ, ਸਕੂਲ ਸਿੱਖਿਆ ਜੀ ਵੱਲੋਂ ਅਖੀਰ ਵਿੱਚ ਵਰਕਸਾਪ ਵਿੱਚ ਆਏ ਨੁਮਾਇੰਦਿਆਂ ਦਾ ਧੰਨਵਾਦ ਕੀਤਾ। ਵਰਕਸਾਪ ਸਾਮ 6-00 ਵਜੇ ਸਮਾਪਤੀ ਹੋਈ ।